ਸਥਾਪਨਾ

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਪੰਜਾਬ ਸਰਕਾਰ ਵੱਲੋਂ ਸਾਲ 2015 ਵਿੱਚ ਸਥਾਪਿਤ ਕੀਤੀ ਗਈ ਸੀ। ਇਹ ਯੂਨੀਵਰਸਿਟੀ, ਮਾਣਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਅਗਾਹ ਵਧੂ ਸੋਚ ਦੇ ਤਹਿਤ ਸਿੱਖਿਆ (ਉਚੇਚਿਤ ਤੌਰ ਤੇ ਤਕਨੀਕੀ ਸਿੱਖਿਆ) ਦੇ ਮਿਆਰ ਨੂੰ ਪੰਜਾਬ ਰਾਜ ਦੇ ਮਾਲਵਾ ਖੇਤਰ ਵਿੱਚ ਉੱਚਾ ਚੁੱਕਣ ਲਈ ਸਥਾਪਿਤ ਕੀਤੀ ਗਈ ਸੀ। ਇਸ ਯੂਨੀਵਰਸਿਟੀ ਦੇ 8 ਕਨਸੀਚੂਐਂਟ ਕਾਲਜਾਂ ਤੋ ਇਲਾਵਾ 100 ਤੋਂ ਵੱਧ ਕਾਲਜ ਅਧੀਨ ਹਨ, ਜਿਹੜੇ ਕਿ ਤਕਨੀਕੀ ਸਿੱਖਿਆ ਨੂੰ ਪੰਜਾਬ ਦੇ 11 ਜਿਲਿਆਂ: ਬਠਿੰਡਾ, ਬਰਨਾਲਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਾਜਿਲਕਾ, ਫਿਰੋਜ਼ਪੁਰ, ਮਾਨਸਾ, ਮੋਗਾ, ਸ਼੍ਰੀ ਮੁਕਤਸਰ ਸਾਹਿਬ, ਪਟਿਆਲਾ ਅਤੇ ਸੰਗਰੂਰ ਵਿੱਚ ਪ੍ਰਸਾਰ ਕਰ ਰਹੇ ਹਨ।

ਮਾਣਯੋਗ ਮੁੱਖ ਮੰਤਰੀ, ਪੰਜਾਬ ਵੱਲੋਂ ਰਾਜ ਦੇ ਬਹੁ-ਪੱਖੀ ਵਿਕਾਸ ਲਈ ਕਈ ਉਪਰਾਲੇ ਕੀਤੇ ਗਏ ਹਨ।ਜਿਨ੍ਹਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉਪੱਰ ਚੁੱਕਣਾ, ਬਿਹਤਰ ਸਿਹਤ ਸੁਵਿਧਾਂਵਾਂ, ਖੇਤੀ ਦੇ ਬਿਹਤਰ ਤਰੀਕੇ ਤੇ ਸਾਧਨ ਅਪਣਾਉਣੇ ਅਤੇ ਹੋਰ ਬੁਨਿਆਦੀ ਢਾਚੇਂ ਵਿੱਚ ਸੁਧਾਰ ਕਰਨਾ ਆਦਿ ਸ਼ਾਮਲ ਹਨ।ਜਿਸ ਲਈ AIIMS, ਸੈਂਟਰਲ ਯੂਨੀਵਰਸਿਟੀ ਪੰਜਾਬ, ਕੈਂਸਰ ਰਿਸਰਚ ਇੰਨਸੀਚਿਊਟ, ਰੀਜ਼ਨਲ ਰਿਸਰਚ ਸੈਂਟਰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਰਗੇ ਕਈ ਵੱਡੇ ਅਦਾਰੇ ਵੀ ਇਸ ਖੇਤਰ ਵਿੱਚ ਬਣਾਏ ਗਏ ਹਨ।

ਉਦੇਸ਼

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨੂੰ ਸਥਾਪਿਤ ਕਰਨ ਦਾ ਮੁੱਖ ਮੰਤਵ ਤਕਨੀਕੀ ਸਿੱਖਿਆ ਅਤੇ ਇਸਦੀ ਗੁਣਵੱਤਾ ਵਿੱਚ ਵਾਧਾ ਕਰਨ ਤੋਂ ਇਲਾਵਾ ਉਦਯੋਗ ਖੇਤਰ ਵਿੱਚ ਤਕਨੀਕੀ ਸਿੱਖਿਆ ਦੇ ਸਹਿਯੋਗ ਨਾਲ ਇਸ ਵਿੱਚ ਹੋਰ ਵਾਧਾ ਕਰਨਾ ਵੀ ਸ਼ਾਮਲ ਹਨ।

ਮੋਜੁਦਗੀ

ਯੂਨੀਵਰਸਿਟੀ ਨਾਲ 108 ਕਾਲਜ ਮਾਨਤਾ ਪ੍ਰਾਪਤ ਹਨ ਜਿਨ੍ਹਾਂ ਵਿੱਚ 30 ਅੰਡਰ ਗ੍ਰੇਜੁਏਟ ਅਤੇ 49 ਪੋਸਟ ਗ੍ਰੇਜੁਏਟ ਇੰਜੀਨੀਅਰਿੰਗ, ਮੈਨੇਜਮੈਂਟ, ਫਾਰਮੈਸੀ, ਆਰਕੀਟੈਕਚਰ ਅਤੇ ਹੋਰ ਨਾਲਦੇ ਵਿਸ਼ੇ ਪੜ੍ਹਾਏ ਜਾ ਰਹੇ ਹਨ। ਇਹਨਾਂ ਕਾਲਜਾਂ ਵਿੱਚ 16000 ਦੇ ਕਰੀਬ ਵਿਦਿਆਰਥੀ ਹਨ। ਇਸ ਦਾ ਕਨਸੀਚੂਐਂਟ ਕਾਲਜ ਗਿਆਨੀ ਜੈਲ ਸਿੰਘ ਕੈਂਪਸ ਕਾਲਜ ਆਫ ਇੰਜੀ: ਐਂਡ ਟੈਕਨਾਲੋਜੀ, ਬੰਠਿਡਾ ਪੰਜਾਬ ਸਰਕਾਰ ਦੁਆਰਾ ਸਥਾਪਿਤ ਪਹਿਲਾ ਇਜੀ: ਕਾਲਜ ਜੋ ਕਿ ਸਾਲ 1989 ਵਿੱਚ ਸਥਾਪਿਤ ਕੀਤਾ ਗਿਆ ਜਿਸ ਵਿੱਚ ਕਈ ਤਰਾਂ ਦੇ ਅੰਡਰ ਗੇਜੁਏਟ ਅਤੇ ਪੋਸਟ ਗੇਜੁਏਟ ਕੋਰਸ ਜਿਵੇਂ ਕਿ ਮੈਨੇਜਮੈਂਟ, ਆਰਕੀਟੈਕਚਰ,

ਅਪਲਾਈਡ ਸਾਇੰਸ ਚਲਾਏ ਜਾ ਰਹੇ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਕਈ ਵਿਭਾਗ ਜਿਵੇਂ ਕਿ ਫਾਰਮਾਸਿਯੂਟੀਕਲ ਸਇੰਸ, ਬਾਇਓਟੈਕਨਾਲੋਜੀ, ਕੈਮੀਕਲ ਇੰਜੀ:, ਬਾਇਓਕੈਮੀਕਲ ਇੰਜੀ: ਅਤੇ ਸਾਇੰਸਸ (ਫਿਜ਼ਿਕਸ, ਕੈਮੀਸਟਰੀ, ਮੈਥੇਮੈਟਿਕਸ) ਚਲਾਏ ਗਏ ਹਨ।

ਯੂਨੀਵਰਸਿਟੀ ਇਮਾਰਤ ਦੀ ਉਸਾਰੀ

ਗਿਆਨੀ ਜੈਲ ਸਿੰਘ ਕੈਂਪਸ ਕਾਲਜ ਆਫ ਇੰਜੀ: ਐਂਡ ਟੈਕਨਾਲੋਜੀ, ਬੰਠਿਡਾ ਵੱਲੋਂ 70 ਕਿੱਲੇ ਜਮੀਨ ਯੂਨੀਵਰਸਿਟੀ ਨੂੰ ਅਲਾਟ ਕੀਤੀ ਗਈ ਹੈ। ਇਹ ਉਸਾਰੀ ਤਿੰਨ ਭਾਗਾਂ ਵਿੱਚ ਕਰਨ ਦੀ ਵਿਓਂਤ ਬਣਾਈ ਗਈ ਹੈ। ਪਹਿਲੇ ਹਿੱਸੇ ਵਿੱਚ ਪ੍ਰਬੰਧਕੀ ਬਲਾਕ, 6 ਅਕਾਦਮਿਕ ਬਲਾਕ, ਲਾਇਬਰੇਰੀ, ਕਪਿੰਊਟਰ ਸੈਂਟਰ, ਲੈਕਚਰ ਥਿਏਟਰ, ਆਰ ਐਂਡ ਡੀ ਸੈਂਟਰ ਅਤੇ ਮਾਣਯੋਗ ਵਾਇਸ ਚਾਂਸਲਰ ਜੀ ਦੀ ਰਿਹਾਇਸ਼ ਜਿਸ ਵਿੱਚ ਲਗਭਗ 120 ਕਰੋੜ ਰੁਪਏ ਦਾ ਖਰਚਾ ਆਵੇਗਾ। ਦੂਜੇ ਭਾਗ ਵਿੱਚ ਫੈਕਲਟੀ ਅਤੇ ਸਟਾਫ ਦੀ ਰਿਹਾਇਸ਼, ਵਿਦਿਆਰਥੀਆਂ (ਮੁੰਡੇ ਅਤੇ ਕੁੜੀਆਂ) ਲਈ ਹੋਸਟਲ ਅਤੇ 4 ਅਕਾਦਮਿਕ ਬਲਾਕ ਸ਼ਾਮਲ ਹਨ। ਜਿਨ੍ਹਾਂ ਦਾ ਖਰਚਾ ਲਗਭਗ 105 ਕਰੋੜ ਰੁਪਏ ਆਵੇਗਾ। ਤੀਜੇ ਭਾਗ ਵਿੱਚ ਗੈਸਟ ਹਾਉਸ ਅਤੇ ਆਡੀਟੋਰੀਅਮ ਬਣਾਇਆ ਜਾਵੇਗਾ ਜਿਸਤੇ ਲਗਭਗ 50 ਕਰੋੜ ਰੁਪਏ ਖਰਚਾ ਆਵੇਗਾ।

ਅਸੀਂ ਇਸ ਵਿੱਚ ਬਹੁਤ ਮਾਣ ਮਹਿਸੂਸ ਕਰ ਰਹੇਂ ਹਾਂ ਕਿ ਇਸ ਯੂਨੀਵਰਸਿਟੀ ਦੀ ਬਿਲਡਿੰਗ ਦਾ ਨੀਂਹ-ਪੱਥਰ ਮਾਣਯੋਗ ਕੈਬਿਨੇਟ ਮੰਤਰੀ, ਫੂਡ ਪ੍ਰੋਸੈਸਿੰਗ ਵਿਭਾਗ, ਭਾਰਤ ਸਰਕਾਰ ਅਤੇ ਬਠਿੰਡਾ ਤੋਂ ਮੈਂਬਰ ਪਾਰਲਿਆਮੈਂਟ ਸਰਦਾਰਨੀ ਹਰਸਿਮਰਤ ਕੌਰ ਬਾਦਲ ਜੀ ਵੱਲੋਂ ਰਖਿੱਆ ਜਾ ਰਿਹਾ ਹੈ।